ਪੰਜਾਬ ਸਰਕਾਰ
ਸਹਿਕਾਰਤਾ ਵਿਭਾਗ
(ਸਹਿਕਾਰਤਾ 1 ਸ਼ਾਖਾ)

## ਪੰਜਾਬ ਦੇ ਰਾਜਪਾਲ ਜੀ ਦੇ ਹੁਕਮ

ਸਹਿਕਾਰਤਾ ਵਿਭਾਗ ਦੇ ਹੁਕਮ ਮਿਤੀ 27.06.2018 ਜੋ ਕਿ 07/03/2014.ਸੀ 1(3)/1266983/1-2 ਮਿਤੀ 09.07.2018 ਨਾਲ ਜਾਰੀ ਕੀਤੇ ਗਏ ਸਨ। ਇਨ੍ਹਾ ਹੁਕਮਾਂ ਰਾਹੀਂ ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ ਦੇ ਕਾਡਰ ਦੀ ਮਿਤੀ 30.6.2006 ਤੱਕ ਦੀ ਸੀਨੀਆਰਤਾ ਸੂਚੀ ਵਿੱਚ ਸ੍ਰੀ ਅਮਰਜੀਤ ਦੀ ਸੀਨੀਆਰਤਾ ਵਿੱਚ ਸੋਧ ਕਰਦੇ ਹੋਏ ਉਸ ਦੀ ਸੀਨੀਆਰਤਾ ਲੜੀ ਨੰ: 43 ਤੋਂ ਸੋਧ ਕੇ ਲੜੀ ਨੰ: 7-ਬੀ ਤੇ ਫਿਕਸ ਕੀਤੀ ਗਈ ਸੀ। ਇਹ ਸੀਨੀਆਰਤਾ ਉਸ ਦੀ ਬੈਚ-ਮੇਟ ਸ੍ਰੀਮਤੀ ਬਰਜਿੰਦਰ ਕੌਰ, ਸਹਾਇਕ ਰਜਿਸਟਰਾਰ ਸ/ਸ (ਹੁਣ ਸੰਯੁਕਤ ਰਜਸਿਟਰਾਰ ਸ/ਸ) ਸਬੰਧੀ ਪੱਤਰ ਨੰਬਰ 22/169/2014-ਸੀ.1(3)/3895-97 ਮਿਤੀ 02.09.2014 ਰਾਹੀਂ ਸੋਧੀ ਸੀਨਆਰਤਾ ਦੀ ਤਰਜ ਤੇ, ਸੋਧੀ ਗਈ ਸੀ।

2 ਇਹ ਕਿ ਸ੍ਰੀ ਅਮਰਜੀਤ, ਸਹਾਇਕ ਰਜਿਸਟਰਰ ਸ/ਸ ਸਾਲ 2012 ਵਿੱਚ ਆਬਕਾਰੀ ਤੇ ਕਰ ਅਫਸਰ ਨਿਯੁਕਤ ਹੋਣ ਤੇ ਮਿਤੀ 08.08.12 ਨੂੰ ਸਹਾਇਕ ਰਜਿਸਟਰਾਰ ਸ/ਸ ਦੀ ਅਸਾਮੀ ਤੋਂ ਰਲੀਵ ਹੋ ਗਿਆ ਸੀ। ਉਸ ਦਾ ਸਹਿਕਾਰਤਾ ਵਿਭਾਗ ਵਿੱਚ ਲੀਅਨ ਹੋਣ ਕਰਕੇ ਅਤੇ ਉਸ ਦੀ ਮੁੜ ਵਿਭਾਗ ਜੁਆਇੰਨ ਕਰਨ ਸਬੰਧੀ ਪ੍ਰਤੀਬੇਨਤੀ ਨੂੰ ਵਿਚਾਰਦੇ ਹੋਏ ਅਤੇ ਪ੍ਰਵਾਨ ਪ੍ਰਵਾਨ ਕਰਦੇ ਹੋਏ ਉਸ ਨੂੰ ਮਿਤੀ 11.3.2016 ਨੂੰ ਦੁਬਾਰਾ ਸਹਾਇਕ ਰਜਿਸਟਰਾਰ ਸ/ਸ ਦੀ ਅਸਾਮੀ ਉਪਰ ਜੁਆਇਨ ਕਰਵਾ ਲਿਆ ਗਿਆ ਸੀ। ਆਬਕਾਰੀ ਅਤੇ ਕਰ ਅਫਸਰ ਨਿਯੁਕਤੀ ਤੋਂ ਪਹਿਲਾਂ ਉਸ ਵੱਲੋਂ ਮਿਤੀ 30.06.2004 ਤੋਂ 08.08.2012 ਤੱਕ ਕੰਮ ਕੀਤਾ ਗਿਆ ਸੀ ਅਤੇ ਪਰਖਕਾਲ ਤਸੱਲੀਬਖਸ ਪਾਰ ਕਰ ਲਿਆ ਗਿਆ ਸੀ। ਉਹ ਨਿਯਮਾਂ ਅਨੁਸਾਰ ਅਗਲੀ ਅਸਾਮੀ ਤੇ ਤਰੱਕੀ ਲਈ ਨਿਰਧਾਰਤ ਯੋਗਤਾਵਾਂ ਵੀ ਪੂਰੀ ਕਰਦਾ ਸੀ। ਸ੍ਰੀ ਅਮਰਜੀਤ ਜਦੋਂ ਬਤੌਰ ਈ.ਟੀ.ਓ ਕੰਮ ਕਰਦਾ ਸੀ ਤਾਂ ਉਸ ਸਮੇਂ ਇਸ ਵਿਭਾਗ ਵਿੱਚ ਸਹਾਇਕ ਰਜਿਸਟਰਾਰ ਸ/ਸ ਤੋਂ ਉਪ ਰਜਿਸਟਰਾਰ ਸ/ਸ ਦੇ ਕਾਡਰ ਵਿੱਚ ਪਦਉਨਤੀ ਲਈ ਮਿਤੀ 17.9.14 ਨੂੰ ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਹੋਈ ਸੀ। ਇਸ ਮੀਟਿੰਗ ਰਾਹੀਂ ਮਿਤੀ 22.10.2014 ਰਾਹੀਂ ਸ੍ਰੀਮਤੀ ਬਰਜਿੰਦਰ ਕੌਰ ਅਤੇ ਹੋਰਾਂ ਨੂੰ ਸਹਾਇਕ ਰਜਿਸਟਰਾਰ ਤੋਂ ਉਪ ਰਜਿਸਟਰਾਰ, ਸ/ਸ ਪਦਉੱਨਤ(ਹੁਣ ਸੰਯੁਕਤ ਰਜਿਸਟਰਰਸ/ਸ) ਕੀਤਾ ਗਿਆ ਸੀ। ਇਸ ਸਮੇਂ ਦੌਰਾਨ ਭਾਵੇਂ ਸ੍ਰੀ ਅਮਰਜੀਤ ਬਤੌਰ ਆਬਕਾਰੀ ਤੇ ਕਰ ਅਫਸਰ ਕੰਮ ਕਰਦਾ ਸੀ, ਪਰ ਉਸ ਦਾ ਵਿਭਾਗ ਵਿੱਚ ਲੀਅਨ ਹੋਣ ਕਰਕੇ ਉਸ ਦਾ ਨਾਮ ਵੀ ਨਿਯਮਾਂ ਅਨੁਸਾਰ ਤਰੱਕੀ ਲਈ ਵੀ ਵਿਚਾਰਿਆ ਜਾਣਾ ਬਣਦਾ ਸੀ ਜੋ ਕਿ ਉਸ ਸਮੇਂ ਨਹੀਂ ਵਿਚਾਰਿਆ ਗਿਆ। ਸ੍ਰੀ ਅਮਰਜੀਤ ਵੱਲੋਂ ਮਿਤੀ 11.03.2016 ਪਿੱਤਰੀ ਵਿਭਾਗ ਵਿੱਚ ਦੁਬਾਰਾ ਸਹਾਇਕ ਰਜਿਸਟਰਾਰ ਸ/ਸ ਜੁਆਇਨ ਕਰਨ ਉਪਰੰਤ ਆਪਣੇ ਬੈਚਮੇਟ (ਸ੍ਰੀਮਤੀ ਬਰਜਿੰਦਰ ਕੌਰ) ਦੀ ਤਰਜ ਤੇ ਪਿੱਛਲੀ ਮਿਤੀ ਤੋਂ ਬਤੌਰ ਉਪ ਰਜਿਸਟਰਾਰ, ਸਹਿਕਾਰੀ ਸਭਾਵਾਂ ਅਤੇ ਸੰਯੁਕਤ ਰਜਿਸਟਰਾਰ ਸ/ਸ ਪਦਉਨਤ ਕਰਨ ਲਈ ਦਿੱਤੀ ਪ੍ਰਤੀਬਨਤੀ ਨੂੰ ਵਿਚਾਰਦੇ ਹੋਏ ਸ੍ਰੀ ਬਰਜਿੰਦਰ ਕੌਰ ਦੀ ਤਰਜ ਤੇ ਸੀਨੀਆਰਤਾ ਨੰ. 43 ਤੋਂ 7-ਬੀ ਤੇ ਨਿਸਚਿਤ (ਪੈਰ੍ਹਾ-1) ਕੀਤੀ ਗਈ। ਸ੍ਰੀ ਅਮਰਜੀਤ ਨੂੰ ਉਪਰੋਕਤ ਅਨੁਸਾਰ ਸੀਨੀਆਰਤਾ ਦਾ ਲਾਭ ਦਿੰਦੇ ਹੋਏ ਬੈਚਮੇਟ ਸ੍ਰੀਮਤੀ ਬਰਜਿੰਦਰ ਕੌਰ ਦੀ ਤਰਜ 'ਤੇ ਸਹਾਇਕ ਰਜਿਸਟਰਾਰ ਸ/ਸ ਤੋਂ ਬਤੌਰ ਉਪ ਰਜਿਸਟਰਾਰ ਸ/ਸ ਦੇ ਤਨਖਾਹ ਸਕੇਲ ਤਨਖਾਹ ਸਕੇਲ 15600-39100+5400 ਗਰੇਡ ਵਿੱਚ ਉਸ ਦੇ ਜੂਨੀਅਰ (ਸ੍ਰੀ ਬਲਦੇਵ ਸਿੰਘ) ਦੇ ਜੁਆਇਨ ਕਰਨ ਦੀ ਮਿਤੀ 12.12.14 ਤੋਂ ਪਦਉਨਤ ਕਰਦੇ ਹੋਏ ਨੋਸ਼ਨਲ ਤਰੱਕੀ ਦਿੱਤੀ ਜਾਂਦੀ ਹੈ। ਇਸੇ ਤਰ੍ਹਾਂ ਉਸ ਦੀ ਉਪ ਰਜਿਸਟਰਾਰ ਸ/ਸ ਦੇ ਕਾਡਰ ਵਿੱਚ ਮਿਤੀ 01.09.2016 ਤੱਕ ਜਾਰੀ ਸੀਨੀਆਰਤਾ ਸੂਚੀ ਦੇ ਲੜੀ ਨੰ.11-ਏ ਉੱਤੇ ਸ੍ਰੀਮਤੀ ਬਰਜਿੰਦਰ ਕੌਰ (ਹੁਣ ਸੰਯੁਕਤ ਰਜਿਸਟਰਾਰ) ਤੋਂ ਹੇਠਾਂ ਅਤੇ ਸ੍ਰੀ ਰਤਨ ਲਾਲ ਤੋਂ ਉੱਪਰ ਸੀਨੀਆਰਤਾ ਨਿਸਚਿਤ ਕੀਤੀ ਜਾਂਦੀ ਹੈ। ਨੋਸ਼ਨਲ ਤਰੱਕੀ ਦੇਣ ਦੀ ਸੂਰਤ ਵਿੱਚ ਸਮੇਂ ਸਮੇਂ ਜਾਰੀ ਹਦਾਇਤਾਂ ਦੇ ਮੱਦੇਨਜਰ ਉਹ ਕੋਈ ਪਿੱਛਲਾ ਬਕਾਇਆ ਆਦਿ ਲੈਣ ਦਾ ਹੱਕਦਾਰ ਨਹੀਂ ਹੋਵੇਗਾ। ਕਿਉਂਕਿ ਅਧਿਕਾਰੀ ਵਲੋਂ ਉਚੇਰੀ ਅਸਾਮੀ ਵਿਰੁੱਧ ਡਿਊਟੀ ਨਹੀਂ ਕੀਤੀ ਗਈ ਹੈ।

3. ਉਪ ਰਜਿਸਟਰਾਰ ਸ/ਸ ਤੋਂ ਸੰਯੁਕਤ ਰਜਿਸਟਰਾਰ ਸ/ਸ ਦੇ ਕਾਡਰ ਵਿੱਚ ਖਾਲੀ ਅਸਾਮੀਆਂ ਤਰੱਕੀ ਰਾਹੀਂ ਭਰਨ ਲਈ ਮਿਤੀ 11.01.2018 ਨੂੰ ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਕੀਤੀ ਗਈ ਸੀ। ਸ੍ਰੀਮਤੀ ਬਰਜਿੰਦਰ ਕੌਰ, ਉਪ ਰਜਿਸਟਰਾਰ ਸ/ਸ ਨੂੰ ਸੰਯੁਕਤ ਰਜਿਸਟਰਾਰ ਸ/ਸ ਦੇ ਤਨਖਾਹ ਸਕੇਲ 15600-39100+7800 ਗਰੇਡ ਪੇਅ ਵਿੱਚ ਤਰੱਕੀ ਲਈ ਯੋਗ ਪਾਇਆ ਗਿਆ ਸੀ। ਇਸ ਦੌਰਾਨ ਸ੍ਰੀ ਅਮਰਜੀਤ ਵੱਲੋਂ ਦਿੱਤੀ ਗਈ ਪ੍ਰਤੀਬੇਨਤੀ ਜਿਸ ਵਿੱਚ ਉਸ ਵੱਲੋਂ ਉਪ ਰਜਿਸਟਰਾਰ ਦੇ ਕਾਡਰ ਵਿੱਚ ਬਣਦੀ ਸੀਨੀਆਰਤਾ ਦੇਣ ਅਤੇ ਬਤੌਰ ਸੰਯੁਕਤ ਰਜਿਸਟਰਾਰ ਪਦਉਨਤ ਕਰਨ ਦੀ ਮੰਗ ਕੀਤੀ ਗਈ। ਇਸ ਸਬੰਧੀ ਵਿਚਾਰ ਕੀਤਾ ਗਿਆ ਸੀ ਕਿ ਅਧਿਕਾਰੀ ਨੂੰ ਪਿਛਲੀ ਮਿਤੀ ਭਾਵ ਸ੍ਰੀਮਤੀ ਬਰਜਿੰਦਰ ਕੌਰ (ਹੁਣ ਸੰਯੁਕਤ ਰਜਿਸਟਰਾਰ) ਦੀ ਤਰਜ ਤੇ ਸੀਨੀਆਰਤਾ ਦੇਣ ਸਬੰਧੀ ਮਾਮਲਾ ਵੱਖਰੇ ਤੌਰ ਤੇ ਪ੍ਰਸੋਨਲ ਵਿਭਾਗ ਦੀ ਰਾਇ ਲੈਣ ਉਪਰੰਤ ਉਸ ਦੀ ਸੀਨੀਆਰਤਾ ਅਤੇ ਅਗਲੀ ਅਸਾਮੀ ਤੇ ਪਦਉਨਤੀ ਲਈ ਵਿਚਾਰ ਕੀਤਾ ਜਾਵੇਗਾ। ਇਸ ਸਬੰਧੀ ਮਾਮਲਾ ਪ੍ਰਸੋਨਲ ਵਿਭਾਗ ਨਾਲ ਵਿਚਾਰਿਆ ਗਿਆ ਸੀ, ਉਨ੍ਹਾਂ ਵੱਲੋਂ ਪੱਤਰ ਨੰ. 04/02/2018-3ਪੀਪੀ.1/1488070/1 ਮਿਤੀ 22.05.2018 ਰਾਹੀਂ ਆਪਣੀਆਂ ਹਦਾਇਤਾਂ ਨੰ. 3/26/96-ਪੀਪੀ.1/10134 ਮਿਤੀ 13.06.1996 ਤਹਿਤ ਸਮੁੱਚੇ ਰਿਕਾਰਡ ਨੂੰ ਵਾਚਣ ਉਪਰੰਤ ਫੈਸਲਾ ਪ੍ਰਬੰਧਕੀ ਵਿਭਾਗ ਪੱਧਰ ਤੇ ਲੈਣ ਲਈ ਸਲਾਹ ਦਿੱਤੀ ਗਈ। ਪ੍ਰਸੋਨਲ ਵਿਭਾਗ ਨੇ ਆਪਣੀ ਰਾਇ ਵਿੱਚ ਇਹ ਵੀ ਲਿਖਿਆ ਕਿ ਜੇਕਰ ਇਸ ਸਬੰਧੀ ਕੋਈ ਕਾਨੂੰਨੀ ਨੁਕਤੇ ਤੇ ਸਲਾਹ ਦੀ ਲੋੜ ਹੋਵੇ ਤਾਂ ਮਾਮਲਾ ਕਾਨੂੰਨੀ ਮਸ਼ੀਰ ਨਾਲ ਟੇਕ-ਅਪ ਕੀਤਾ ਜਾਵੇ। ਇਸ ਸਬੰਧੀ ਕਾਨੂੰਨੀ ਮਸ਼ੀਰ ਨਾਲ ਮਾਮਲਾ ਟੇਕ-ਅਪ ਕਰਨ ਦੀ ਉਚਿਤਤਾ ਨਹੀਂ ਸਮਝੀ ਕਿਉਂਕਿ ਜੋ ਅਦਾਲਤੀ ਕੇਸ ਚਲ ਰਿਹਾ ਹੈ ਉਸ ਵਿੱਚ ਪਟੀਸ਼ਨਰ ਪਹਿਲਾਂ ਹੀ ਰਿਟਾਇਰ ਹੋ ਚੁੱਕੇ ਹਨ ਅਤੇ ਅਦਾਲਤੀ ਕੇਸ ਦਾ ਸ੍ਰੀ ਅਮਰਜੀਤ ਦੀ ਪਦਉਨਤੀ ਤੇ ਕੋਈ ਪ੍ਰਭਾਵ ਨਹੀਂ ਹੈ।

... ਕਨ ਲਈ ਪ੍ਰਸੋਨਲ ਵਿਭਾਗ ਦੀਆਂ ਹਦਾਇਤਾਂ ਮਿਤੀ 13.06.1996 ਦੀ ਰੋਸ਼ਨੀ ਵਿੱਚ ਸ੍ਰੀ ਅਮਰਜੀਤ ਦਾ ਓਵਰ ਆਲ ਰਿਕਾਰਡ ਅਤੇ ਵਰਕਿੰਗ ਤਜਰਬੇ ਨੂੰ ਵਿਚਾਰਦੇ ਹੋਏ ਸਮੁੱਚਾ ਰਿਕਾਰਡ ਉਸ ਦੇ ਹੱਕ ਵਿੱਚ ਪਾਇਆ ਗਿਆ ਹੈ। ਸਿੱਟੇ ਵੱਜੋਂ ਸ੍ਰੀ ਅਮਰਜੀਤ ਉਪ ਰਜਿਸਟਰਾਰ ਸ/ਸ ਨੂੰ ਬੈਚਮੇਟ ਸ੍ਰੀਮਤੀ ਬਰਜਿੰਦਰ ਕੌਰ ਦੀ ਤਰਜ਼ ਉੱਪਰ ਸੰਯੁਕਤ ਰਜਿਸਟਰਾਰ ਸ/ਸ ਦੇ ਕਾਡਰ ਵਿੱਚ ਤਨਖਾਹ ਸਕੇਲ 15600-39100+7800 ਗਰੇਡ ਵਿੱਚ ਮਿਤੀ 05.02.2018 ਤੋ ਨੋਸ਼ਨਲ ਤਰੱਕੀ ਦਿੱਤੀ ਜਾਂਦੀ ਹੈ। ਨੋਸ਼ਨਲ ਤਰੱਕੀ ਦੇਣ ਦੀ ਸੂਰਤ ਵਿੱਚ ਸਮੇਂ ਸਮੇਂ ਜਾਰੀ ਹਦਾਇਤਾਂ ਦੇ ਮੱਦੇਨਜਰ ਉਹ ਕੋਈ ...ਲਾ ਬਕਾਇਆ ਆਦਿ ਸਬੰਧੀ ਕਲੇਮ ਦਾ ਹੱਕਦਾਰ ਨਹੀਂ ਹੋਵੇਗਾ ਅਤੇ ਨੋਸ਼ਨਲ ਤਨਖਾਹ ਹੀ ਫਿਕਸ ਕੀਤੀ ਜਾਵੇਗੀ ਕਿਉਂਕਿ ਅਧਿਕਾਰੀ ਵੱਲੋਂ ਉਚੇਰੀ ਅਸਾਮੀ ਉਪਰ ਡਿਊਟੀ ਨਹੀਂ ਨਿਭਾਈ ਗਈ ਹੈ। ਇਹ ਤਰੱਕੀਆਂ ਸਿਵਲ ਮਿਸਲੇਨੀਅਸ 14349 ਆਫ 2018 ਇੰਨ ਸਿਵਲ ਰਿਟ ਪਟੀਸ਼ਨ 3715 ਆਫ 2016 ਵਿੱਚ ਅੰਤਿਮ ਫੈਸਲੇ ਦੇ ਅਸਰ ਅਧੀਨ ਹੋਣਗੀਆਂ।

ਚੰਡੀਗੜ੍ਹ ਮਿਤੀ:

01.08.2019

**ਵਿਸਵਾਜੀਤ ਖੰਨਾ**

**ਵਧੀਕ ਮੁੱਖ ਸਕੱਤਰ ਸਹਿਕਾਰਤਾ**

ਪਿੰਠ ਅੰਕਣ ਨੰ. 07/03/2014ਸੀ.1(3)/ 6065 ਚੰਡੀਗੜ੍ਹ ਮਿਤੀ: 02/08/2019

ਇਕ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ :-

1. ਮਹਾਂਲੇਖਾਕਾਰ (ਲੇਖਾ ਅਤੇ ਹੱਕਦਾਰੀ) ਪੰਜਾਬ, ਚੰਡੀਗੜ੍ਹ।
2. ਰਜਿਸਟਰਾਰ, ਸਹਿਕਾਰੀ ਸਭਾਵਾਂ ਪੰਜਾਬ, ਚੰਡੀਗੜ੍ਹ।
3. ਸਕੱਤਰ, ਪੰਜਾਬ ਲੋਕ ਸੇਵਾ ਕਮਿਸ਼ਨ ਪਟਿਆਲਾ।
4. ਨਿੱਜੀ ਸਕੱਤਰ/ਸਹਿਕਾਰਤਾ ਅਤੇ ਜੇਲ੍ਹ ਮੰਤਰੀ/ਵ.ਮ.ਸ.ਸਹਿ
5. ਸ੍ਰੀ ਅਮਰਜੀਤ, ਉਪ ਰਜਿਸਟਰਾਰ, ਸਹਿਕਾਰੀ ਸਭਾਵਾਂ ਮਾਰਫਤ ਦਫਤਰ ਰਜਿਸਟਰਾਰ, ਸਹਿਕਾਰੀ ਸਭਾਵਾਂ ਪੰਜਾਬ।

ਸਰਬਜੀਤ

**ਸੁਪਰਡੰਟ ਗਰੇਡ-1**